# ਜ਼ਿਆਦਾ ਮਦਦ

ਇਹ ਪਰਚਾ ਉਨ੍ਹਾਂ ਬੱਚਿਆਂ ਅਤੇ ਜਵਾਨ ਲੋਕਾਂ ਵਾਸਤੇ ਹੈ, ਜਿਨ੍ਹਾਂ ਨੂੰ ਸਕੂਲ ਵਿਚ ਜ਼ਿਆਦਾ ਮਦਦ ਦੀ ਲੋੜ ਹੈ ।

## ਕੀ ਤੁਹਾਨੂੰ ਜ਼ਿਆਦਾ ਮਦਦ ਦੀ ਲੋੜ ਹੈ?

ਕੁੱਝ ਬੱਚਿਆਂ ਨੂੰ ਸਕੂਲ ਵਿਚ ਜ਼ਿਆਦਾ ਮਦਦ ਦੀ ਲੋੜ ਹੁੰਦੀ ਹੈ । ਤੁਹਾਨੂੰ ਜ਼ਿਆਦਾ ਮਦਦ ਦੀ ਲੋੜ ਹੋ ਸਕਦੀ ਹੈ ਜੇਕਰ ਤੁਹਾਨੂੰ ਚੀਜਾਂ ਨੂੰ ਸਿੱਖਣ, ਸੱਮਝਣ ਜਾਂ ਯਾਦ ਰੱਖਣ ਵਿਚ ਮੁਸ਼ਕਲਾਂ ਹਨ । ਤੁਹਾਨੂੰ ਮਦਦ ਦੀ ਲੋੜ ਹੋ ਸਕਦੀ ਹੈ ਕਿਉਂਕਿ ਅੰਗ੍ਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ ਹੈ । ਤੁਹਾਨੂੰ ਸ਼ਾਇਦ ਜ਼ਿਆਦਾ ਮਦਦ ਦੀ ਲੋੜ ਹੋਵੇ ਕਿਉਂਕਿ ਤੁਸੀਂ ਅੰਗਹੀਣ ਹੋ ਸਕਦੇ ਹੋ ਜਾਂ ਤੁਹਾਡੇ ਘਰ ਵਿਚ ਮੁਸ਼ਕਲਾਂ ਹੋ ਸਕਦੀਆਂ ਹਨ । ਜੋ ਵੀ ਕਾਰਣ ਹੋਵੇ, ਤੁਹਾਡੇ ਸਕੂਲ ਨੂੰ ਤੁਹਾਨੂੰ ਲੋੜੀਂਦੀ ਜ਼ਿਆਦਾ ਮਦਦ ਦੇਣ ਵਿਚ ਮਦਦ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।

## ਮੈਂ ਕਿਵੇਂ ਦੱਸ ਸਕਦਾ/ਸਕਦੀ ਹਾਂ?

ਤੁਹਾਡੇ ਮਾਤਾ–ਪਿਤਾ ਦੁਆਰਾ ਸਕੂਲ ਨੂੰ ਪੁੱਛ ਕੇ ਇਹ ਨਿਸਚਿਤ ਕਰਨਾ ਚਾਹੀਦਾ ਹੈ ਕਿ ਜੇਕਰ ਜਾਂ ਨਹੀਂ ਉਹ ਸੋਚਦੇ ਹਨ ਕਿ ਤੁਹਾਨੂੰ ਜ਼ਿਆਦਾ ਮਦਦ ਦੀ ਲੋੜ ਹੈ ।

## ਮੇਰੇ ਸਕੂਲ ਨੂੰ ਕੀ ਕਰਨਾ ਚਾਹੀਦਾ ਹੈ?

ਜੇਕਰ ਤੁਹਾਨੂੰ ਸਕੂਲ ਵਿਚ ਜ਼ਿਆਦਾ ਮਦਦ ਦੀ ਲੋੜ ਹੋਵੇ ਤਾਂ ਤੁਹਾਡੇ ਸਕੂਲ ਨੂੰ ਇਹ ਨਿਸਚਿਤ ਕਰਨ ਵਿਚ ਮਦਦ ਕਰਨੀ ਚਾਹੀਦੀ ਹੈ ਕਿ ਤੁਹਾਨੂੰ ਲੋੜੀਂਦੀ ਜ਼ਿਆਦਾ ਮਦਦ ਪ੍ਰਾਪਤ ਹੋਵੇ । ਤੁਹਾਡੇ ਅਧਿਆਪਕ (ਅਧਿਆਪਕਾਂ) ਨੂੰ ਤੁਹਾਨੂੰ ਲੋੜੀਂਦੀ ਜ਼ਿਆਦਾ ਮਦਦ ਦੇਣ ਦੇ ਸਮਰਥ ਹੋਣਾ ਚਾਹੀਦਾ ਹੈ ਜਾਂ ਤੁਸੀਂ ਸਕੂਲ ਵਿਚ ਹੋਰ ਸਟਾਫ਼ ਤੋਂ ਵੀ ਜ਼ਿਆਦਾ ਮਦਦ ਪ੍ਰਾਪਤ ਕਰ ਸਕਦੇ ਹੋ ।

ਕਦੇ–ਕਦੇ, ਇਸ ਦਾ ਅਰਥ ਹੈ ਕਿ ਹੋਰਨਾਂ ਲੋਕਾਂ ਤੋਂ ਵੀ ਜ਼ਿਆਦਾ ਮਦਦ ਪ੍ਰਾਪਤ ਕਰਨ ਦਾ ਪ੍ਰਬੰਧ ਕਰਨਾ – ਜਿਵੇਂ ਨਰਸਾਂ, ਚਿਕਿੱਤਸਕ, ਸਿੱਖਿਆ ਸੰਬੰਧੀ ਮਨੋਵਿਗਿਆਨੀ ਜਾਂ ਸੋਸ਼ਲ ਵਰਕਰ ਆਦਿ ।

ਕੁੱਝ ਬੱਚੇ ਜਿਨ੍ਹਾਂ ਨੂੰ ਸਿੱਖਿਆ ਦੇ ਸੰਬੰਧ ਵਿਚ ਹੋਰਨਾਂ ਲੋਕਾਂ ਤੋਂ ਜ਼ਿਆਦਾ ਮਦਦ ਦੀ ਲੋੜ ਹੋ ਸਕਦੀ ਹੈ, ਕੋਲ, ਕੋ–ਆਰਡੀਨੇਟਿਡ ਪਲੈਨ ਜਾਂ (ਸੀ ਐੱਸ ਪੀ) ਹੋ ਸਕਦੀ ਹੈ । ਇੱਕ ਸੀ ਐੱਸ ਪੀ ਇਹ ਦੱਸਦੀ ਹੈ ਕਿ ਤੁਹਾਨੂੰ ਜ਼ਿਆਦਾ ਮਦਦ ਦੀ ਲੋੜ ਕਿਉਂ ਹੈ, ਕਿਸ ਕਿਸਮ ਦੀ ਮਦਦ ਦੀ ਤੁਹਾਨੂੰ ਲੋੜ ਹੈ ਅਤੇ ਕਿਸ ਕੋਲੋਂ ਮਦਦ ਦੀ ਲੋੜ ਹੈ ।

## ਜੇਕਰ ਮੈਨੂੰ ਮਦਦ ਪ੍ਰਾਪਤ ਨਹੀਂ ਹੁੰਦੀ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ ?

ਜੇਕਰ ਤੁਹਾਨੂੰ ਜ਼ਿਆਦਾ ਮਦਦ ਦੀ ਲੋੜ ਹੋਵੇ, ਪਰ ਤੁਹਾਨੂੰ ਇਹ ਪ੍ਰਾਪਤ ਨਾਂ ਹੁੰਦੀ ਹੋਵੇ ਤਾਂ ਤੁਹਾਨੂੰ ਆਪਣੇ ਮਾਤਾ–ਪਿਤਾ ਨੂੰ ਦੱਸਣਾ ਚਾਹੀਦਾ ਹੈ ਕਿ ਉਹ ਹੈਡਟੀਚਰ ਨਾਲ ਜਾਂ ਸਿੱਖਿਆ ਸੰਬੰਧੀ ਅਫ਼ਸਰ ਦੇ ਨਾਲ ਗੱਲਬਾਤ ਕਰਨ । ਕਦੇ–ਕਦੇ ਇੱਕ ਵਿਅਕਤੀ ਜਿਸ ਨੂੰ ਮਧਿਅਸਥ ਕਿਹਾ ਜਾਂਦਾ ਹੈ ਇਸ ਬਾਰੇ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰੇਗਾ ।

ਜੇਕਰ ਅਜੇ ਵੀ ਮੁਸ਼ਕਲ ਹੋਵੇ ਤਾਂ ਤੁਹਾਡੇ ਮਾਤਾ–ਪਿਤਾ ਸਿੱਖਿਆ ਸੰਬੰਧੀ ਕਿਸੇ ਮਾਹਿਰ ਨੂੰ ਤੁਹਾਡੇ ਸਕੂਲ ਨੂੰ ਇਹ ਸਲਾਹ ਦੇਣ ਵਾਸਤੇ ਪੁੱਛ ਸਕਦੇ ਹਨ ਕਿ ਤੁਹਾਨੂੰ ਮਦਦ ਦੇਣ ਵਾਸਤੇ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ ।

ਜੇਕਰ ਤੁਹਾਡੇ ਕੋਲ ਸੀ ਐੱਸ ਪੀ ਹੋਵੇ ਤਾਂ ਤੁਹਾਡੇ ਮਾਤਾ–ਪਿਤਾ ਤਿੰਨ ਲੋਕ, ਜੋ ਸਿੱਖਿਆ ਦੇ ਸੰਬੰਧ ਵਿਚ ਜਾਣਦੇ ਹਨ (ਜਿਸ ਨੂੰ ਟ੍ਰਿਬਯੂਨਲ ਕਿਹਾ ਜਾਂਦਾ ਹੈ), ਨੂੰ ਅਪੀਲ ਕਰਨ ਵਾਸਤੇ ਸਮਰਥ ਹੋ ਸਕਦੇ ਹਨ, ਜੋ ਇਹ ਨਿਸਚਿਤ ਕਰ ਸਕਦੇ ਹਨ ਕਿ ਤੁਹਾਨੂੰ ਕਿਹੜੀ ਜ਼ਿਆਦਾ ਮਦਦ ਦੀ ਲੋੜ ਹੈ । ਟ੍ਰਿਬਯੂਨਲ ਪਹਿਲੀ ਹੀ ਸੂਰਤ ਵਿਚ ਤੁਹਾਨੂੰ ਦੱਸ ਸਕਦੇ ਹਨ ਕਿ ਜੇਕਰ ਤੁਹਾਨੂੰ ਸੀ ਐੱਸ ਪੀ ਦੀ ਲੋੜ ਹੈ ਜਾਂ ਨਹੀਂ ।

ਇਹ ਪਰਚਾ ਐਜੂਕੇਸ਼ਨ ਲਾ ਯੂਨਿਟ ਵਲੋਂ ਲਿੱਖਿਆ ਗਿਆ ਹੈ ।

## ਐਜੂਕੇਸ਼ਨ ਲਾ ਯੂਨਿਟ

Govan Law Centre,
47 Burleigh Street,
Glasgow G51 3LB
ਟੈਲੀਫ਼ੋਨ/ਟੈਕਸਟ: 0141 445 1955
**ਫ਼ੈਕਸ**: 0141 445 3934
**ਈ–ਮੇਲ**: advice@edlaw.org.uk
**ਵੈੱਬ**: www.edlaw.org.uk

ਤੁਸੀਂ ਇੱਥੋਂ ਵੀ ਜਾਣਕਾਰੀ ਲੈ ਸਕਦੇ ਹੋ:

**ਐਨਕਵਾਇਰ**: 0845 123 2303

www.enquire.org.uk

**ਸਕਾਟਿਸ਼ ਚਾਈਲਡ ਲਾ ਸੈਂਟਰ**

0800 328 8970
(18 ਸਾਲ ਤੋਂ ਥੱਲੇ)

www.sclc.org.uk

**ਰਿਸਪੈਕਟ ਮੀਡਿਏਸ਼ਨ**

mediation@edlaw.org.uk

Punjabi

# ਸਕੂਲ ਵਿਚ ਜ਼ਿਆਦਾ ਮਦਦ ਪ੍ਰਾਪਤ ਕਰਨਾ

ਜੇਕਰ ਤੁਹਾਨੂੰ ਸਕੂਲ ਵਿਚ ਜ਼ਿਆਦਾ ਮਦਦ ਦੀ ਲੋੜ ਹੈ ਤਾਂ ਕਾਨੂੰਨ ਦੱਸਦਾ ਹੈ ਕਿ ਤੁਹਾਨੂੰ ਇਹ ਪ੍ਰਾਪਤ ਕਰਨੀ ਚਾਹੀਦੀ ਹੈ ।